ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਸਾਲਾਸਰ ਕਾਸਟਿੰਗਜ਼ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮੁੱਲਾਂਪੁਰ ਕਲਾਂ, ਤਹਿਸੀਲ ਸਰਹੰਦ, ਜਿਲਾ ਸ੍ਰੀ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਵਿੱਚ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 05.10.2018 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਫਤਹਿਗੜ ਸਾਹਿਬ ।

2. ਇੰਜ: ਪਰਵੀਨ ਸਲੂਜ਼ਾ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ. ਅਮਿਤ ਕੁਮਾਰ,
   ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਫਤਹਿਗੜ ਸਾਹਿਬ ।

ਵਾਤਾਵਰਨ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਸਾਲਾਸਰ ਕਾਸਟਿੰਗਜ਼ ਵੱਲੋ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮੁੱਲਾਂਪੁਰ ਕਲਾਂ, ਤਹਿਸੀਲ ਸਰਹੰਦ, ਜਿਲਾ ਸ੍ਰੀ ਫਤਹਿਗੜ ਸਾਹਿਬ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਸਨੇ ਦੱਸਿਆ ਕਿ ਮੈਸ: ਸਾਲਾਸਰ ਕਾਸਟਿੰਗਜ਼ ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮੁੱਲਾਂਪੁਰ ਕਲਾਂ, ਤਹਿਸੀਲ ਸਰਹੰਦ, ਜਿਲਾ ਸ੍ਰੀ ਫਤਹਿਗੜ ਸਾਹਿਬ ਵਿਖੇ ਸਥਿਤ ਹੈ, ਮੋਜੂਦਾ 7 ਟਨ ਪ੍ਰਤੀ ਹੀਟ ਇੰਡਕਸ਼ਨ ਭੱਠੀ ਨੂੰ ਇੱਕ ਇੰਡਕਸ਼ਨ ਭੱਠੀ 10 ਟਨ ਪ੍ਰਤੀ ਹੀਟ ਅਤੇ ਦੋ ਇੰਡਕਸ਼ਨ ਭੱਠੀ 15 ਟਨ ਪ੍ਰਤੀ ਹੀਟ (ਹਰ ਇੱਕ) ਅਤੇ ਐਲਆਰਐਫ ਅਤੇ ਕੋਨਕਾਸਟ ਪਲਾਂਟ ਨਾਲ ਬਦਲਕੇ ਪਲਾਂਟ ਦੀ ਪ੍ਰੋਡਕਸ਼ਨ ਸਮਰੱਥਾ ਸਟੀਲ ਇੰਗਟਸ/ਬਿਲਟਿਸ 29,400 ਟਨ ਪ੍ਰਤੀ ਸਾਲ ਤੋਂ ਵਧਾ ਕੇ 1,55,000 ਟਨ ਪ੍ਰਤੀ ਸਾਲ ਕਰਨ ਦੀ ਤਜਵੀਜ ਹੈ । ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ

ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਫਤਹਿਗੜ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਫਤਹਿਗੜ ਸਾਹਿਬ ਐਟ ਮੰਡੀ ਗੋਬਿੰਦਗੜ; ਐਗਜੈਕਟਿਵ ਅਫਸਰ ਮਿਊਂਸੀਪਲ ਕੋਂਸਲ ਮੰਡੀ ਗੋਬਿੰਦਗੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਿਊਨ, ਜੱਗਬਾਣੀ ਅਤੇ ਅਜੀਤ ਵਿੱਚ ਮਿਤੀ 01/09/2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਖਰੜਾ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਸਾਲਾਸਰ ਕਾਸਟਿੰਗਜ਼ |
| 2. | ਪ੍ਰੋਜੈਕਟ ਦੀ ਕਿਸਮ | : | ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਪਿੰਡ ਮੁਲਾਂਪੁਰ ਕਲਾਂ, ਤਹਿਸੀਲ ਸਰਹੰਦ, ਜਿਲਾ ਫਤਹਿਗੜ ਸਾਹਿਬ |
| 4. | ਭੱਠੀਆਂ | : | ਮੌਜੂਦਾ 1×7 ਟੀ.ਪੀ.ਐਚ ਇੰਡਕਸ਼ਨ ਭੱਠੀ ਨੂੰ ਤਿੰਨ ਇੰਡਕਸ਼ਨ ਭੱਠੀਆਂ ਯਾਨੀ ਕਿ 1×10 ਟੀ.ਪੀ.ਐਚ ਅਤੇ 2×15 ਟੀ.ਪੀ.ਐਚ ਐਲ.ਆਰ.ਐਫ ਐਂਡ ਕਾਨਕਾਸਟ ਨਾਲ ਬਦਲਣ ਦੀ ਤਜਵੀਜ਼ ਹੈ । |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | i.<br>ii.<br>iii.<br>v.<br>vi. | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil<br>ਜੰਗਲੀ ਜੀਵਨ ਅਸਥਾਨ ---- Nil<br>ਰਿਜ਼ਰਵਡ/ ਸੁਰੱਖਿਅਤ ਜੰਗਲ ---- Nil<br>ਇਤਿਹਾਸਕ ਸਥਾਨ ---- Nil<br>ਨਦੀ/ਨਹਿਰ ਭਾਖੜਾ ਨਹਿਰ<br>ਉਦਯੋਗ ---- ਹਰ ਤਰਾਂ ਦੇ |
| 6. | ਕੁਲ ਜ਼ਮੀਨ | : | 2.0 ਏਕੜ । ਵਿਸਥਾਰ ਲਈ ਹੋਰ ਜਮੀਨ ਦੀ ਲੋੜ ਨਹੀਂ । |

| | | | | |
|---|---|---|---|---|
| 7. | ਉਤਪਾਦ ਦਾ ਨਾਮ | ਮੌਜੂਦਾ (ਟਨ ਪ੍ਰਤੀ ਸਲਾਨਾ) | ਪ੍ਰਸਤਾਵਿਤ (ਟਨ ਪ੍ਰਤੀ ਸਲਾਨਾ) | ਕੁੱਲ (ਟਨ ਪ੍ਰਤੀ ਸਲਾਨਾ) |
| | ਸਟੀਲ ਇੰਗਟਸ, ਬਿਲੇਟਸ | (–) 29,400 | (+) 1,55,000 | 1,55,000 |
| 8. | ਕੱਚਾ ਮਾਲ/ਸ੍ਰੋਤ | | | |
| | ਐਮ ਐਸ ਸਕਰੈਪ, ਸਪੌਨਜ/ਪਿਗ ਆਇਰਨ | (–) 32,634 ਟਨ/ ਦਿਨ | (+) 1,72,050 ਟਨ/ਦਿਨ | 1,72,050 ਟਨ/ਦਿਨ |
| | ਸਰੋਤ ਅਤੇ ਆਵਾਜਾਈ | ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ ਨਾਲ ਹੋਵੇਗੀ | | |

| | | | |
|---|---|---|---|
| 9. | ਕਾਮਿਆਂ ਦੀ ਗਿਣਤੀ | : | ਮੌਜੂਦਾ – 70<br>ਪ੍ਰਸਤਾਵਿਤ – 150<br>ਕੁੱਲ – 220 |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਮੌਜੂਦਾ – 6.44 ਕਰੋੜ<br>ਪ੍ਰਸਤਾਵਿਤ – 11.10 ਕਰੋੜ<br>ਕੁੱਲ – 17.54 ਕਰੋੜ |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ) | : | 80 ਲੱਖ ਅਤੇ 10 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KVA) | : | ਮੌਜੂਦਾ ਪ੍ਰਸਤਾਵਿਤ ਕੁੱਲ<br>4,000 12,000 16,000 |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਡ |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 5.0 15.0 20.0<br>ਠੰਡਾ ਕਰਨਾ 6.0 24.0 30.0<br>ਕੁੱਲ 11 39.0 50.0 |
| 15. | ਪ੍ਰਦੂਸ਼ਤ ਪਾਣੀ ਦਾ ਮਾਤਰਾ | : | ਘਰੇਲੂ = 16 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = (ਮੁੜ ਸਰਕੂਲੇਸ਼ਨ) |
| 16. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਘਰੇਲੂ – ਸੀਵਰੇਜ਼ ਟਰੀਟਮੈਂਟ ਪਲਾਂਟ ਰਾਹੀ ਸ਼ੁੱਧੀਕਰਨ ਅਤੇ ਪੌਦਿਆਂ ਲਈ ਇਸਤੇਮਾਲ ਕਰਨਾ । |
| 17. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਮਾਰਚ–ਮਈ, 2018) ਲਈ ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ: ਪੀ.ਐਮ.$_{2.5}$ – 47.0 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ, ਪੀ.ਐਮ.$_{10}$ – 90.10 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ, ਸਲਫਰ ਡਾਈਆਕਸਾਈਡ – 15.9 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ, ਨਾਈਟ੍ਰੋਜਨ ਡਾਈਆਕਸਾਈਡ – 42.2 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ |

| | | | |
|---|---|---|---|
| | | | ਘਣ ਅਤੇ ਕਾਰਬਨ ਮੋਨੋਆਕਸਾਈਡ- 0.65 ਮਿਲੀਗ੍ਰਾਮ / ਮੀਟਰ ਘਣ ਹੈ। ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । |
| 18. | ਪਾਣੀ ਦੀ ਗੁਣਵੱਤਾ | | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ। |
| 19. | ਸ਼ੋਰ ਵਾਤਾਵਰਣ | | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 45.8 ਡੀ.ਬੀ.(ਏ) ਤੋ 73.3 ਡੀ.ਬੀ. (ਏ) ਦਿਨ ਦੇ ਸਮੇ ਅਤੇ 33.2 ਡੀ.ਬੀ.(ਏ) ਤੋਂ 64.5 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਥਾਵਾ ਤੇ ਮਾਪਿਆ ਗਿਆ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਚੰਗੀ ਤਰਾਂ ਕੀਤਾ ਗਿਆ। ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਤੇ ਮੌਜੂਦਾ ਇਕਾਈ ਨਾਲੋ ਘੱਅ ਅਸਰ ਹੋਵੇਗਾ। |
| 20. | ਮਿੱਟੀ ਦੀ ਗੁਣਵੱਤਾ | | ਅਧਿਐਨ ਖੇਤਰ ਤੋ ਦੋ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 21. | ਖਤਰਨਾਕ ਕਚਰਾ | | ਹਵਾ ਪ੍ਰਦੂਸ਼ਣ ਕੰਟਰੋਲ ਚੋ ਨਿਕਲਿਆ ਕਚਰਾ ਟੀ.ਐਸ.ਡੀ.ਐਫ ਜਗਾ ਤੇ ਭੇਜ਼ ਦਿੱਤਾ ਜਾਵੇਗਾ। ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰਖਿਆ ਜਾਵੇਗਾ ਅਤੇ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |
| 22. | ਹਵਾ ਪ੍ਰਦੂਸ਼ਣ ਕੰਟਰੋਲ | : | ਆਵਰਤੀ ਭੱਠੀਆ – ਬੈਗ ਫਿਲਟਰ |

| | | | |
|---|---|---|---|
| 23. | ਠੋਸ ਕਚਰਾ | | ਭੱਠੀ ਚੋ ਨਿਕਲੀ ਸਲੈਗ |
| 24. | ਨਿਗਰਾਨੀ ਸੈੱਲ | <br>1.<br>2.<br>3. | ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ |
| 25. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 11 ਲੱਖ ਰੁਪਏ ਰੱਖੇ ਗਏ ਹਨ ਜੋ ਕਿ ਸੀ.ਈ.ਆਰ ਗਤੀਵਿਧੀਆਂ ਤੇ ਖਰਚ ਕੀਤੇ ਜਾਣਗੇ । |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਗੁਰਨੈਬ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ, ਮੈਂਬਰ ਪੰਚਾਇਤ, ਪਿੰਡ ਮੂਲਾਂਪੁਰ ਕਲਾਂ, ਜਿਲਾ ਫਤਹਿਗੜ ਸਾਹਿਬ | 1) ਉਸ ਨੇ ਕਿਹਾ ਕਿ ਵਾਤਾਵਰਣ ਸ਼ੁੱਧ ਹੋਣਾ ਚਾਹੀਦਾ ਹੈ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਵਲੋ ਇਹ ਭਰੋਸਾ ਦਿਵਾਇਆ ਜਾਵੇ ਕਿ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਜੋ ਵੀ ਉਪਾਅ ਵਾਤਾਵਰਣ ਸਲਾਹਕਾਰ ਵਲੋ ਦੱਸੇ ਗਏ ਹਨ ਉਹ ਲਾਗੂ ਕੀਤੇ ਜਾਣਗੇ । ਉਸ ਨੇ ਅੱਗੇ ਕਿਹਾ ਕਿ ਇਸ ਨਾਲ ਲੱਗਦੇ ਯੂਨਿਟ ਦੀ ਜਨਤਕ ਸੁਣਵਾਈ ਹੋਈ ਸੀ ਜਿਸ ਵਿੱਚ ਮਾਲਕਾਂ ਵਲੋਂ ਉਹਨਾਂ ਦੇ | 1) ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਵਲੋਂ ਦੱਸਿਆ ਗਿਆ ਕਿ ਪ੍ਰਦੂਸ਼ਣ ਨੂੰ ਰੋਕਣ ਲਈ ਸਟੇਜ਼ ਤੋਂ ਜੋ ਵੀ ਉਪਾਅ ਦੱਸੇ ਗਏ ਹਨ ਉਹ ਲਾਗੂ ਕੀਤੇ ਜਾਣਗੇ । ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਨਵੀਂ ਤਕਨੀਕ ਦਾ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਲਗਾਇਆ ਜਾਵੇਗਾ । ਵਾਤਾਵਰਣ ਕਲੀਅਰੈਂਸ ਦੀਆਂ ਸ਼ਰਤਾ ਦੀ ਪਾਲਣਾ ਸੰਬੰਧੀ ਰਿਪੋਰਟ ਸਬੰਧਤ ਅਥਾਰਟੀ ਨੂੰ ਨਿਯਮਾਂ ਅਨੁਸਾਰ ਭੇਜੀ ਜਾਵੇਗੀ । ਸੀ.ਪੀ.ਸੀ.ਬੀ ਅਤੇ |

| | | | |
|---|---|---|---|
| | | ਪਿੰਡ ਦੇ ਪ੍ਰਇਮਰੀ ਸਕੂਲ ਵਿੱਚ ਇੱਕ ਕਮਰਾ ਬਨਾਉਣ ਦਾ ਵਾਅਦਾ ਕੀਤਾ ਸੀ ਅਤੇ ਉਹ ਉਹਨਾਂ ਵਲੋਂ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ ਅਤੇ ਉਹਨਾਂ ਦੇ ਪਿੰਡ ਨੂੰ ਹੋਰ ਕੋਈ ਵੀ ਸਹਾਇਤਾ ਨਹੀਂ ਦਿੱਤੀ ਗਈ । ਉਸਨੇ ਇਹ ਵੀ ਕਿਹਾ ਕਿ ਉਸ ਨੂੰ ਇਸ ਫੈਕਟਰੀ ਦੇ ਪ੍ਰਸਤਾਵਿਤ ਪ੍ਰੋਜੈਕਟ ਲਈ ਕੋਈ ਇਤਰਾਜ਼ ਨਹੀਂ ਹੈ ।<br><br>2) ਉਹ ਜਾਨਣਾ ਚਾਹੁੰਦਾ ਹੈ ਕਿ ਸੀ.ਈ.ਆਰ ਗਤੀਵਿਧੀਆਂ ਤਹਿਤ ਉਹਨਾਂ ਦੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਇੱਕ ਕਮਰਾ ਅਤੇ ਹਾਈ ਸਕੂਲ ਦੀ ਇੱਕ ਪਾਸੇ ਦੀ ਬਾਊਂਡਰੀ ਵਾਲ ਕਰਵਾਈ ਜਾਵੇ । | ਪੀ.ਪੀ.ਸੀ.ਬੀ ਵਲੋ ਨਿਰਧਾਰਤ ਕੀਤੇ ਮਾਪਦੰਡ/ਕੰਡੀਸ਼ਨਾਂ ਨੂੰ ਇੰਨ-ਬਿੰਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇਗਾ ।<br><br>2) ਪ੍ਰੋਜੈਕਟ ਪ੍ਰੋਪੋਨੈਂਟ ਵਲੋਂ ਦੱਸਿਆ ਗਿਆ ਕਿ ਇਹਨਾਂ ਕੰਮ ਲਈ ਉਹ 2 ਲੱਖ ਰੁਪਏ ਦੇਣਗੇ । |
| 2 | ਸ੍ਰੀ ਗੁਰਜੀਤ ਸਿੰਘ, ਜਿਲਾ ਵਾਈਸ ਪ੍ਰੈਜੀਡੈਂਟ ਕਾਂਗਰਸ ਆਈ, ਪਿੰਡ ਅੰਬੇਮਾਜਰਾ, ਜਿਲਾ ਫਤਹਿਗੜ ਸਾਹਿਬ | ਉਸ ਨੇ ਇੰਡਸਟਰੀ ਦੇ ਮਾਲਕਾਂ ਨੂੰ ਇੰਡਸਟਰੀ ਦੇ ਵਾਧੇ ਲਈ ਵਧਾਈ ਦਿੱਤੀ । ਉਸ ਨੇ ਕਿਹਾ ਕਿ ਇੰਡਸਟਰੀ ਨੂੰ ਪ੍ਰਦੂਸ਼ਣ ਰੋਕਣਾ ਚਾਹੀਦਾ ਹੈ ਅਤੇ ਸੜਕ ਦੇ ਆਲੇ-ਦੁਆਲੇ ਦਰੱਖਤ ਲਗਾਉਣੇ ਚਾਹੀਦੇ ਹਨ । ਉਸ ਨੇ ਅੱਗੇ ਕਿਹਾ ਕਿ ਇੰਡਸਟਰੀ ਨੂੰ ਆ ਰਹੀ ਸੜਕ ਬਹੁਤ ਖਰਾਬ ਹੈ । ਇੰਡਸਟਰੀ ਦੇ ਵਾਧੇ ਨਾਲ ਰੋਜਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਕੀ ਰੋਜਗਾਰ ਨੇੜੇ ਦੇ ਲੋਕਾਂ ਨੂੰ ਦਿੱਤਾ ਜਾਵੇਗਾ । ਇੰਡਸਟਰੀ ਦੇ ਮਾਲਕ ਬਹੁਤ ਸੋਸਲ ਹਨ । ਉਹਨਾਂ ਨੂੰ ਇੰਡਸਟਰੀ ਦੇ ਵਾਧੇ ਤੇ ਕੋਈ ਇਤਰਾਜ਼ ਨਹੀਂ ਹੈ ਪਰ ਉਹ ਜਾਨਣਾ ਚਾਹੁੰਦਾ ਹੈ ਕਿ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਉਪਰਾਲੇ ਕੀਤੇ ਜਾਣਗੇ ਅਤੇ ਉਹ ਇੰਡਸਟਰੀ ਦੇ ਮਾਲਕਾਂ ਤੋਂ ਪ੍ਰਦੂਸ਼ਣ ਰੋਕਥਾਮ ਪ੍ਰਬੰਧਾਂ ਨੂੰ ਲਾਗੂ ਕਰਵਾਉਣ ਦਾ ਭਰੋਸਾ ਚਾਹੁੰਦੇ ਹਨ । | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਪ੍ਰੋਸੈਸ ਵਾਲੇ ਪਾਣੀ ਨੂੰ ਦੁਬਾਰਾ ਵਰਤਿਆ ਜਾਵੇਗਾ । ਘਰੇਲੂ ਕੰਮਾਂ ਲਈ ਵਰਤਿਆ ਗਿਆ ਪਾਣੀ ਨੂੰ ਐਸ.ਟੀ.ਪੀ. ਵਿੱਚ ਸਾਫ ਕਰਨ ਤੋਂ ਬਾਅਦ ਪਲਾਂਟ ਦੇ ਅੰਦਰ ਹੀ ਪੋਦਿਆਂ ਲਈ ਵਰਤਿਆ ਜਾਵੇਗਾ । ਕਿਸੇ ਵੀ ਤਰਾਂ ਦਾ ਪਾਣੀ ਇੰਡਸਟਰੀ ਤੋਂ ਬਾਹਰ ਨਹੀਂ ਸੁੱਟਿਆ ਜਾਵੇਗਾ । ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਨਵੀਂ ਤਕਨੀਕ ਦਾ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਸਮੇਤ ਬੈਗ ਫਿਲਟਰ ਲਗਾਇਆ ਜਾਵੇਗਾ । ਇੰਡਕਸ਼ਨ ਭੱਠੀ ਨਵੀਂ ਤਕਨੀਕ ਦੀ ਲਗਾਈ ਜਾਵੇਗੀ ਜਿਸ ਨਾਲ ਕਿਸੇ ਵੀ ਕਿਸਮ ਦਾ ਪ੍ਰਦੂਸ਼ਣ ਨਹੀਂ ਹੋਵੇਗਾ । ਰੋਜਗਾਰ ਵਿੱਚ ਨੇੜੇ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਵੇਗੀ । ਸੜਕਾਂ ਦੇ ਕਿਨਾਰੇ ਰੁੱਖ ਲਗਾਏ ਜਾਣਗੇ । ਇੰਡਸਟਰੀ ਨੂੰ ਆ ਰਹੀ ਖਰਾਬ ਸੜਕ ਦੇ ਮਾਮਲੇ ਨੂੰ ਜਿਲਾ ਪ੍ਰਸ਼ਾਸਨ ਕੋਲ ਉਠਾਇਆ ਗਿਆ ਹੈ । ਅੱਗੇ ਉਹਨਾਂ ਵਿਸਵਾਸ |

| | | | |
|---|---|---|---|
| | | | ਦਿਵਾਇਆ ਕਿ ਉਹ ਸਾਰੇ ਪ੍ਰਦੂਸ਼ਣ ਪ੍ਰਬੰਧਨਾਂ ਨੂੰ ਯਕੀਨੀ ਤੌਰ ਤੇ ਲਾਗੂ ਕਰਨਗੇ । |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਵਿਸਤਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਪਬਲਿਕ ਹੀਰਿੰਗ ਵਿੱਚ 56 ਵਿਅਕਤੀਆਂ ਨੇ ਹਿੱਸਾ ਲਿਆ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

**(ਅਮਿਤ ਕੁਮਾਰ)**
ਸਹਾਇਕ ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਫਤਹਿਗੜ ਸਾਹਿਬ

**(ਪਰਵੀਨ ਸਲੂਜਾ)**
ਵਾਤਾਵਰਣ ਇੰਜੀਨੀਅਰ (ਮੈਗਾ)
ਪੀਪੀਸੀਬੀ ਪਟਿਆਲਾ

**(ਜਸਪ੍ਰੀਤ ਸਿੰਘ), ਆਈ.ਏ.ਐਸ.**
ਅਡੀਸ਼ਨਲ ਡਿਪਟੀ ਕਮਿਸ਼ਨਰ,
ਫਤਹਿਗੜ ਸਾਹਿਬ